# ਹੋਣੀ ਇਕ ਵਾਰ ਫੇਰ ਵਾਪਰ ਗਈ: ਸੁਣਨ ਸ਼ਕਤੀ ਦੀ ਘਾਟ ਵਾਲੇ ਦੋ ਬੱਚਿਆਂ ਨੂੰ ਪਾਲਣਾ

**ਚੈਰਲ ਲੇਸੀ**

ਇਸ ਤੋਂ ਬਾਅਦ ਸਦਾ ਖੁਸ਼ ਰਹੇਂ ਦੇ ਮੇਰੇ ਸਫਰ ਵਿੱਚ ਇਕ ਬੋਲੇ ਬੱਚੇ ਦੀ ਮਾਂ ਬਣਨਾ ਸ਼ਾਮਲ ਨਹੀਂ ਸੀ, ਦੋ ਦੀ ਤਾਂ ਗੱਲ ਹੀ ਛੱਡੋ, ਜਾਂ ਘੱਟੋ ਘੱਟ ਮੈਂ ਕਦੇ ਨਹੀਂ ਸੀ ਸੋਚਿਆ ਕਿ ਅਜਿਹਾ ਹੋਵੇਗਾ। ਸਾਡੇ ਟੱਬਰ ਵਿੱਚ ਕਿਸੇ ਹੋਰ ਦੀ ਸੁਣਨ ਪੱਧਰ ਵੱਖਰੀ ਨਹੀਂ ਸੀ ਇਸ ਲਈ ਇਹ ਪਤਾ ਲੱਗਣਾ ਕਿ ਮੇਰੇ ਪੁੱਤਰ (ਅਤੇ ਬਾਅਦ ਵਿੱਚ ਮੇਰੇ ਦੂਸਰੇ ਪੁੱਤਰ) ਦੀ ਸੁਣਨ ਪੱਧਰ ਵਿੱਚ ਕਾਫੀ ਵੱਡਾ ਫਰਕ ਹੈ, ਮੇਰੇ ਲਈ ਇਕ ਬਹੁਤ ਵੱਡੇ ਸਦਮੇ ਵਾਲੀ ਗੱਲ ਸੀ। ਪਰ, ਵੱਡੇ ਤੋਂ ਵੱਡਾ ਸਦਮਾ ਜਾਂ ਨਾ ਮੰਨਣ ਦੀ ਵੱਡੀ ਤੋਂ ਵੱਡੀ ਜ਼ਿੱਦ ਇਸ ਚੀਜ਼ ਨੂੰ ਬਦਲ ਨਹੀਂ ਸਕਦੀ ਸੀ; ਮੈਨੂੰ ਪਤਾ ਸੀ ਕਿ ਮੈਂ ਇਕ ਸਫਰ ਕਰਨਾ ਹੈ ਪਰ ਇਹ ਨਹੀਂ ਸੀ ਪਤਾ ਕਿ ਇਹ ਸਫਰ ਕਿਸ ਤਰ੍ਹਾਂ ਦਾ ਹੋਵੇਗਾ।

ਬਹੁਤ ਛੋਟੀ ਉਮਰ ਵਿੱਚ ਹੀ ਮੇਰੇ ਵੱਡੇ ਪੁੱਤਰ ਐਮਰਸਨ ਦੀ ਸੁਣਨ ਪੱਧਰ ਵਿੱਚ ਤੇਜ਼ੀ ਨਾਲ ਕਮੀ ਆਈ ਸੀ। ਸਾਨੂੰ ਪਤਾ ਸੀ ਕਿ ਸਾਨੂੰ ਕਿਸੇ ਇੰਟਰਵੈਨਸ਼ਨ ਏਜੰਸੀ (ਦਖਲਅੰਦਾਜ਼ੀ ਕਰਨ ਵਾਲੀ ਏਜੰਸੀ) ਨਾਲ ਸੰਪਰਕ ਕਰਨਾ ਪੈਣਾ ਹੈ ਅਤੇ ਅਸੀਂ ਛੇਤੀਂ ਹੀ ਆਪਣੀ ਚੋਣ ਕਰ ਲਈ। ਮੈਂ ਮੰਨਦੀ ਹਾਂ ਕਿ ਸਾਡੀ ਚੋਣ ਇਸ ਗੱਲ ’ਤੇ ਨਿਰਭਰ ਸੀ ਕਿ ਕਿਹੜੀ ਏਜੰਸੀ ਸਭ ਤੋਂ ਨੇੜੇ ਹੈ, ਪਰ ਮੈਂ ਸੋਚਿਆ ਕਿ ਜੇ ਲੋੜ ਪਈ ਤਾਂ ਅਸੀਂ ਬਾਅਦ ਵਿੱਚ ਤਬਦੀਲੀ ਕਰ ਸਕਾਂਗੇ!

ਭਾਵੇਂ ਕਿ ਐਮਰਸਨ ਨੂੰ ਸ਼ੁਰੂ ਵਿੱਚ ਹੀਅਰਿੰਗ ਏਡਾਂ ਨਾਲ ਫਾਇਦਾ ਹੋਇਆ, ਪਰ ਦੋ ਸਾਲ ਦੀ ਉਮਰ ਤੱਕ ਉਸ ਦੇ ਦੋਹਾਂ ਕੰਨਾਂ ਵਿੱਚ ਬਹੁਤ ਗੰਭੀਰ ਸੁਣਨ ਸ਼ਕਤੀ ਦੀ ਘਾਟ ਸੀ। ਸਾਨੂੰ ਫੈਸਲਾ ਕਰਨਾ ਪੈਣਾ ਸੀ ਅਤੇ ਇਹ ਫੈਸਲਾ ਏਨਾ ਆਸਾਨ ਨਹੀਂ ਸੀ। ਅਖੀਰ ਵਿੱਚ ਅਸੀਂ ਉਸ ਦੇ ਕੋਕਲੀਅਰ ਇੰਪਲਾਂਟ ਕਰਵਾਉਣ ਦਾ ਫੈਸਲਾ ਕੀਤਾ, ਅਤੇ ਇਕ ਸਾਲ ਬਾਅਦ ਇਕ ਹੋਰ ਕੋਕਲੀਅਰ ਇੰਪਲਾਂਟ ਕਰਵਾਉਣ ਦਾ। ਸ਼ੁਰੂ ਦੇ ਮਹੀਨਿਆਂ ਵਿੱਚ ਏਡਾਂ ਅਤੇ ਕੋਕਲੀਅਰ ਇੰਪਲਾਂਟ ਨੂੰ ਲਾਈ ਰੱਖਣ ਲਈ ਲੜਾਈ ਕਰਨੀ ਪੈਂਦੀ ਸੀ, ਅਤੇ ਬਾਅਦ ਵਿੱਚ ਉਹਨਾਂ ਨੂੰ ਲਾਹੁਣ ਲਈ। ਐਮਰਸਨ ਆਪਣੀ ਮਰਜ਼ੀ ਦਾ ਮਾਲਕ ਸੀ ਅਤੇ ਜਿਸ ਮੁਕਾਮ ’ਤੇ ਉਹ ਹੁਣ ਹੈ ਉਸ ਨੂੰ ਉਸ ਤੱਕ ਲਿਆਉਣ ਲਈ ਹਠ ਅਤੇ ਮਦਦ ਦੀ ਲੋੜ ਸੀ। ਪਰ ਸੱਤ ਸਾਲਾਂ ਬਾਅਦ, ਹੁਣ ਜਦੋਂ ਉਹ ਦੂਜੀ ਜਮਾਤ ਵਿੱਚ ਦਾਖਲ ਹੋ ਰਿਹਾ ਹੈ, ਉਹ ਪੜ੍ਹਨ, ਬੋਲਣ, ਅਤੇ ਹੋਰ ਸਾਰੇ ਖੇਤਰਾਂ ਵਿੱਚ ਕਾਰਗੁਜ਼ਾਰੀ ਵਿੱਚ ਆਪਣੇ ਸੁਣ ਸਕਣ ਵਾਲੇ ਸਾਥੀਆਂ ਦੀ ਪੱਧਰ ’ਤੇ ਪਹੁੰਚਣ ਦੇ ਰਾਹ ਉੱਤੇ ਹੈ।

ਜਦੋਂ ਐਮਰਸਨ ਦੀ ਸੁਣਨ ਸ਼ਕਤੀ ਦੀ ਘਾਟ ਬਹੁਤ ਗੰਭੀਰ ਪੱਧਰ ਤੱਕ ਪਹੁੰਚੀ, ਉਸ ਸਮੇਂ ਮੈਂ ਪੰਜਾਂ ਮਹੀਨਿਆਂ ਦੀ ਗਰਭਵਤੀ ਸੀ। ਸਾਨੂੰ ਪਤਾ ਸੀ ਕਿ ਸਾਡੇ ਦੂਸਰੇ ਬੱਚੇ ਦੀ ਸੁਣਨ ਪੱਧਰ ਵੱਖਰੀ ਹੋਣ ਦੀ ਵੀ ਇਕ ਚੌਥਾਈ ਸੰਭਾਵਨਾ ਹੈ। ਇਸ ਲਈ ਜਦੋਂ ਗਰੈਂਟ ਦਾ ਜਨਮ ਹੋਇਆ ਤਾਂ ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਉਸ ਦੀ ਸੁਣਨ ਸ਼ਕਤੀ “ਨਾਰਮਲ” ਹੈ। ਅਜਿਹਾ ਹੋਣ ’ਤੇ ਵੀ ਸਾਡੀ ਆਡਿਓਲੋਜਿਸਟ ਨੇ ਆਮ ਮੁਆਇਨਿਆਂ ਰਾਹੀਂ ਉਸ ’ਤੇ ਪੂਰੀ ਨਜ਼ਰ ਰੱਖੀ (ਅਸੀਂ ਘਰ ਵਿੱਚ ਵੀ ਪੂਰੀ ਨਜ਼ਰ ਰੱਖੀ, ਕਿਉਂਕਿ ਅਸੀਂ ਜਾਣਦੇ ਸੀ ਕਿ ਜਿਸ ਤਰ੍ਹਾਂ ਦੀ ਸੁਣਨ ਸ਼ਕਤੀ ਦੀ ਘਾਟ ਸਾਡੇ ਹੈ, ਉਹ ਹੌਲੀ ਹੌਲੀ ਵੱਧਦੀ ਹੈ)। ਸੱਚ ਦੱਸਾਂ, ਮੈਨੂੰ ਕਦੇ ਵੀ ਇਹ ਭਰੋਸਾ ਨਹੀਂ ਸੀ ਹੋਇਆ ਕਿ ਉਸ ਦੀ ਸੁਣਨ ਸ਼ਕਤੀ

ਕਾਇਮ ਰਹੇਗੀ। ਫਿਰ ਇਹ ਹੋਣੀ ਵਾਪਰ ਗਈ। ਮੈਨੂੰ ਯਾਦ ਹੈ, ਆਪਣੇ ਪਹਿਲੇ ਜਨਮ ਦਿਨ ਤੋਂ ਕੁਝ ਸਮਾਂ ਬਾਅਦ, ਉਸ ਦੇ ਹੁੰਗਾਰਾ ਭਰਨ ਦੇ ਢੰਗ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਗਈ। ਮੈਂ ਬਿਨਾਂ ਉਦਾਸ ਹੋਇਆਂ ਸੋਚਿਆਂ ਕਿ "ਹੋਣੀ ਇਕ ਵਾਰ ਫੇਰ ਵਾਪਰ ਗਈ ਹੈ"। ਫਿਰ ਵੀ ਮੈਂ ਅਜੇ ਇਹ ਖਬਰ ਆਪਣੇ ਪਤੀ ਨੂੰ ਨਹੀਂ "ਦੱਸਣਾ ਚਾਹੁੰਦੀ" ਸੀ। ਕੁਝ ਹਫਤੇ ਮੈਂ ਚੁੱਪਚਾਪ ਇਸ 'ਤੇ ਵਿਚਾਰ ਕਰਦੀ ਰਹੀ, ਫਿਰ ਇਕ ਦਿਨ ਜਦੋਂ ਮੈਂ ਅਤੇ ਮੇਰਾ ਪਤੀ ਗਰੈਂਟ ਨਾਲ ਲੰਚ 'ਤੇ ਗਏ ਹੋਏ ਸੀ (ਐਮਰਸਨ ਆਪਣੇ ਗਰੈਂਡ-ਪੇਰੈਂਟਸ ਕੋਲ ਗਿਆ ਹੋਇਆ ਸੀ) ਮੈਂ ਅਚਾਨਕ ਬੋਲ ਪਈ, "ਮੇਰਾ ਖਿਆਲ ਹੈ ਗਰੈਂਟ ਦੀ ਸੁਣਨ ਸ਼ਕਤੀ ਘੱਟ ਗਈ ਹੈ।" ਮੇਰਾ ਪਤੀ ਮੇਰੇ ਨਾਲ ਸਹਿਮਤ ਸੀ। ਹੋਇਆ ਇਸ ਤਰ੍ਹਾਂ ਕਿ ਉਹ ਵੀ ਮੇਰੇ ਵਾਂਗ ਹੀ ਸੋਚ ਰਿਹਾ ਸੀ ਪਰ ਸਾਡੇ ਵਿੱਚੋਂ ਕੋਈ ਵੀ ਦੂਸਰੇ ਨੂੰ ਇਹ ਖਬਰ "ਦੱਸਣਾ ਨਹੀਂ ਚਾਹੁੰਦਾ" ਸੀ। ਅਸਲ ਵਿੱਚ ਅਸੀਂ ਇਸ ਬਾਰੇ ਖੂਬ ਹੱਸੇ। ਇਕ ਤਰ੍ਹਾਂ ਨਾਲ ਮੈਂ ਰਾਹਤ ਮਹਿਸੂਸ ਕੀਤੀ ਸੀ; ਹੁਣ ਉਹ ਇਕ ਦੂਸਰੇ ਦੇ ਨਾਲ ਹੋਣਗੇ ਅਤੇ ਆਪਣੇ ਸਫਰ ਸਾਂਝੇ ਕਰ ਸਕਣਗੇ। ਮੈਂ ਇਸ ਗੱਲ ਕਰਕੇ ਵੀ ਸੌਖ ਮਹਿਸੂਸ ਕੀਤੀ ਕਿਉਂਕਿ ਮੈਨੂੰ ਪਹਿਲਾਂ ਹੀ ਪਤਾ ਸੀ ਕਿ ਕੀ ਕਰਨਾ ਹੈ। ਇਕ ਮਹੀਨੇ ਦੇ ਵਿੱਚ ਵਿੱਚ, ਗਰੈਂਟ ਨੂੰ ਬੀ ਸੀ ਚਿਲਡਰਨ ਹਸਪਤਾਲ ਵਿਖੇ ਸੁਣਨ ਸ਼ਕਤੀ ਦੇ ਸੀਡੇਟਡ ਟੈੱਸਟ ਲਈ ਲਿਜਾਇਆ ਗਿਆ। ਸੁਣਨ ਦੇ ਪੱਧਰ ਬਾਰੇ ਜਾਣਕਾਰੀ ਪੱਕੀ ਹੋ ਗਈ ਅਤੇ ਮੈਂ ਉਹਨਾਂ ਨੂੰ ਉੱਥੇ ਉਸ ਹੀ ਵੇਲੇ ਇਕ ਈਅਰ ਮੋਲਡ (ਕੰਨ ਦਾ ਸੱਚਾ) ਬਣਾਉਣ ਲਈ ਕਿਹਾ। ਡੇਢ ਘੰਟੇ ਬਾਅਦ ਜਦੋਂ ਅਸੀਂ ਘਰ ਪਹੁੰਚੇ ਤਾਂ ਸਾਡੇ ਸਥਾਨਕ ਆਡਿਓਲੌਜਿਸਟ ਦਾ ਸੁਨੇਹਾ ਆਇਆ ਹੋਇਆ ਸੀ ਅਤੇ ਅਗਲੀ ਗੱਲ ਜਿਹੜੀ ਅਸੀਂ ਕੀਤੀ ਉਹ ਸੀ ਆਨਲਾਈਨ ਜਾ ਕੇ ਗਰੈਂਟ ਦੀ ਹੀਅਰਿੰਗ ਏਡ ਦਾ ਰੰਗ (ਕੋਬਾਲਟੀ ਨੀਲਾ) ਪਸੰਦ ਕਰਨਾ। ਇਹ ਬਹੁਤ ਛੋਟੀ ਸੀ ! ਦੋ ਵਜੇ ਹੀਅਰਿੰਗ ਏਡ ਦਾ ਆਰਡਰ ਕਰ ਦਿੱਤਾ ਗਿਆ ਅਤੇ ਮੋਲਡ (ਸੱਚੇ) ਨੂੰ ਬਣਾਉਣ ਲਈ ਭੇਜ ਦਿੱਤਾ ਗਿਆ।

ਮੈਂ ਗਰੈਂਟ ਦੇ ਵੇਲੇ ਉਹੋ ਜਿਹਾ ਦੁੱਖ ਮਹਿਸੂਸ ਨਹੀਂ ਕੀਤਾ ਜਿਹੜਾ ਮੈਂ ਆਪਣੇ ਪਹਿਲੇ ਪੁੱਤਰ ਵੇਲੇ ਕੀਤਾ ਸੀ, ਪਰ ਇਹ ਘਾਟਾ ਇਕੋ ਜਿਹਾ ਸੀ। ਸੱਚ ਦੱਸਾਂ, ਮੈਂ ਮਹਿਸੂਸ ਕਰਦੀ ਹਾਂ ਕਿ ਮੇਰੇ ਨਾਲ ਥੋੜ੍ਹਾ ਜਿਹਾ ਧੋਖਾ ਹੋਇਆ ਹੈ; ਸੁਣਨ ਸ਼ਕਤੀ ਦੀ ਘਾਟ ਤੋਂ ਬਿਨਾਂ ਵਾਲੇ ਬੱਚਿਆਂ ਦੀ ਪਾਲਣਾ ਕਰਨ ਬਾਰੇ ਮੈਨੂੰ ਕਦੇ ਵੀ ਪਤਾ ਨਹੀਂ ਲੱਗੇਗਾ। ਫਿਰ ਵੀ, ਇਸ ਵਾਰੀ ਮੈਨੂੰ ਪਤਾ ਸੀ ਕਿ ਸਭ ਕੁਝ ਠੀਕ ਹੋਵੇਗਾ। ਉਹ ਠੀਕ ਠਾਕ ਰਹੇਗਾ ਅਤੇ ਅਸੀਂ ਵੀ। ਗਰੈਂਟ ਲਈ ਸ਼ਕਤੀਸ਼ਾਲੀ ਏਡਾਂ ਦੀ ਲੋੜ ਲਗਾਤਾਰ ਵੱਧਦੀ ਰਹੀ ਹੈ ਅਤੇ ਜਦੋਂ ਉਹ ਆਪਣੇ ਭਰਾ ਵਾਲੇ ਸਕੂਲ ਵਿੱਚ ਹੀ ਕਿੰਡਰਗਾਰਟਨ ਵਿੱਚ ਦਾਖਲ ਹੋਣ ਜਾ ਰਿਹਾ ਹੈ, ਅਸੀਂ ਹੁਣ ਉਸ ਦੇ ਵੀ ਇੰਪਲਾਂਟ ਕਰਵਾਉਣ ਦੇ ਆਪਣੇ ਸਫਰ ਉੱਤੇ ਕਦਮ ਪੁੱਟ ਰਹੇ ਹਾਂ।

ਹੁਣ ਮੁੰਡਿਆਂ ਦੀ ਉਮਰ ਸੱਤ ਅਤੇ ਪੰਜ ਸਾਲ ਹੈ। ਉਹ ਆਮ ਮੁੰਡਿਆਂ ਵਰਗੇ ਮੁੰਡੇ ਹਨ, ਆਮ ਭਰਾਵਾਂ ਵਰਗੇ ਭਰਾ। ਉਹ ਘੁਲਦੇ ਹਨ ਅਤੇ ਇਕ ਦੂਸਰੇ ਦੇ ਸੁਣਨ ਯੰਤਰਾਂ ਨੂੰ ਲਾਹ ਦਿੰਦੇ ਹਨ, ਫਿਰ ਉਨੀ ਦੇਰ ਲਈ ਰੁਕ ਜਾਂਦੇ ਹਨ ਜਿੰਨੀ ਦੇਰ ਲਈ ਅਗਲਾ ਉਹਨਾਂ ਨੂੰ ਵਾਪਸ ਨਾ ਲਾ ਲਵੇ ਜਾਂ ਆਪਣੇ ਯੰਤਰ ਦੇ ਚੁੰਬਕ ਨੂੰ ਠੀਕ ਸਿਰ ਨਾ ਕਰ ਲਵੇ। ਉਹ ਇਕ ਦੂਜੇ ਤੋਂ ਖਿੱਝ ਜਾਂਦੇ ਹਨ ਜਦੋਂ ਦੂਸਰਾ ਉਹਨਾਂ ਦੀ ਗੱਲ ਨਾ ਸੁਣ ਰਿਹਾ ਹੋਵੇ ਜਾਂ ਬਹੁਤ ਜ਼ਿਆਦਾ ਰੌਲਾ ਪਾ ਰਿਹਾ ਹੋਵੇ (ਅਜਿਹੇ ਸਮੇਂ ਮੇਰੇ ਮੂੰਹ 'ਤੇ ਹਮੇਸ਼ਾਂ ਮੁਸਕਰਾਹਟ ਆ ਜਾਂਦੀ ਹੈ !)। ਦੋਹਾਂ ਮੁੰਡਿਆਂ ਨੂੰ ਇਸ ਗੱਲ ਦੀ ਪੂਰੀ ਸਮਝ ਹੈ ਕਿ ਇਕ ਦੂਸਰੇ ਨਾਲ ਚੰਗੀ ਤਰ੍ਹਾਂ ਬੋਲਚਾਲ ਕਿਸ ਤਰ੍ਹਾਂ ਕਰਨੀ ਹੈ। ਸਵੇਰ ਵੇਲੇ, ਆਮ ਤੌਰ 'ਤੇ ਗਰੈਂਟ ਲਿਵਿੰਗ ਰੂਮ ਵਿੱਚ ਆ ਕੇ ਐਮਰਸਨ ਨੂੰ ਉਸ ਦੇ ਇੰਪਲਾਂਟ ਅਤੇ ਹੀਅਰਿੰਗ ਏਡ ਲਾਉਣ ਲਈ ਦਿੰਦਾ ਹੈ। ਐਮਰਸਨ ਹੁਣ ਸਮਝਦਾ ਹੈ ਕਿ ਚੰਗੀ ਤਰ੍ਹਾਂ ਸੁਣਨ ਲਈ ਗਰੈਂਟ ਨੂੰ ਵੈਨ ਦੀ ਵਿਚਲੀ ਸੀਟ ਉੱਤੇ ਬੈਠਣ ਦੀ ਲੋੜ ਹੈ।

ਬੇਸ਼ੱਕ ਸ਼ੁਰੂ ਸ਼ੁਰੂ ਵਿੱਚ ਸਫਰ ਔਖਾ ਸੀ, ਪਰ ਸਾਡਾ ਪਰਿਵਾਰ ਇਸ ਗੱਲੋਂ ਖੁਸ਼ਕਿਸਮਤ ਹੈ ਕਿ ਸਾਡੇ ਆਲੇ ਦੁਆਲੇ ਮਦਦਗਾਰ ਦੋਸਤ, ਆਡੀਓਲੌਜਿਸਟ, ਡਾਕਟਰ ਅਤੇ ਈ ਐੱਨ ਟੀ ਦੇ ਕਰਮਚਾਰੀ ਅਤੇ ਸਾਡੀ ਅਰਲੀ ਇੰਟਰਵੈਨਸ਼ਨ ਏਜੰਸੀ ਵਿੱਚ ਕੰਮ ਕਰਨ ਵਾਲੇ ਲੋਕ ਹਾਜ਼ਰ ਹਨ। ਮੈਂ ਮਹਿਸੂਸ ਕਰਦੀ ਹਾਂ ਕਿ ਜਿਵੇਂ ਜਿਵੇਂ ਅਸੀਂ ਆਪਣੇ ਸਫਰ ਦੇ ਅਗਲੇ ਪੜਾਅ ਵਲ ਵਧ ਰਹੇ ਹਾਂ, ਗਮੀਆਂ ਅਤੇ ਖੁਸ਼ੀਆਂ ਭਰੇ ਇਹਨਾਂ ਸਾਲਾਂ ਦੌਰਾਨ ਸਾਰਿਆਂ ਨੇ ਸਾਡੇ ਪਰਿਵਾਰ ਦੀ ਵਧਣ-ਫੁੱਲਣ ਵਿੱਚ ਮਦਦ ਕੀਤੀ ਹੈ।